بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّی عَلٰی رَسُوْلِهِ الْكَرِيْمِ وَعَلٰی عَبْدِهِ الْمَسِيْحِ الْمَوْعُوْدِ
لَا اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਅਨੁਸਾਰ ਕੁਰਆਨ ਸ਼ਰੀਫ਼ ਦੀਆਂ ਖ਼ੂਬੀਆਂ, ਸਥਾਨ ਅਤੇ ਵਡਿੱਆਈ ਦਾ ਬਿਆਨ, ਅਹਮਦੀਆਂ ਨੂੰ ਪਾਕਿਸਤਾਨ, ਬਰਕੀਨਾ ਫ਼ਾਸੋ ਅਤੇ ਬੰਗਲਾਦੇਸ਼ ਲਈ ਦੁਆਵਾਂ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 24 ਮਾਰਚ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَاِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦੱ, ਤਾਉਜ਼, ਸੂਰਤੁਲ ਫ਼ਾਤਿਹਾ ਅਤੇ ਸੂਰਤੁਲ ਜੁਮਆ ਦੀ ਆਇਤ هُوَ الَّذِي بَعَثَ فِي الْأُمِّيِّينَ رَسُولًا مِنْهُمْ يَتْلُو عَلَيْهِمْ آيَاتِهِ وَيُزَكِّيهِمْ وَيُعَلِّمُهُمُ الْكِتَابَ وَالْحِكْمَةَ وَإِنْ كَانُوا مِنْ قَبْلُ لَفِي ضَلَالٍ مُبِينٍ ۔ وَآخَرِينَ مِنْهُمْ لَمَّا يَلْحَقُوا بِهِمْ وَهُوَ الْعَزِيزُ الْحَكِيمُ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਇਨ੍ਹਾਂ ਆਇਤਾਂ ਦਾ ਅਨੁਵਾਦ ਹੈ ਕਿ " ਉਹੀ ਹੈ ਜਿਸ ਨੇ ਉੱਮੀ ਲੋਕਾਂ'ਚ ਉਨ੍ਹਾਂ'ਚੋਂ ਹੀ ਇਕੱ ਨਬੀ ਭੇਜਿਆ। ਉਹ ਉਨ੍ਹਾਂ'ਤੇ ਉਸ ਦੀ ਆਇਤਾਂ ਦੀ ਤਿਲਾਵਤ ਕਰਦਾ ਹੈ ਅਤੇ ਉਨ੍ਹਾਂ ਨੂੰ ਪਾਕ ਕਰਦਾ ਹੈ ਅਤੇ ਉਨ੍ਹਾਂ ਨੂੰ ਕਿਤਾਬ ਦੀ ਅਤੇ ਹਿਕਮਤ ਦੀ ਸਿਖਿੱਆ ਦਿੰਦਾ ਹੈ। ਜਦੱਕਿ ਇਸ ਤੋਂ ਪਹਿਲਾਂ ਉਹ ਜ਼ਰੂਰ ਖੁੱਲ੍ਹੀ ਖੁੱਲ੍ਹੀ ਗੁਮਰਾਹੀ'ਚ ਸਨ ਅਤੇ ਉਨ੍ਹਾਂ'ਚੋਂ ਹੀ ਦੂਜੀਆਂ ਵਲੱ ਵੀ ਉਸ ਨੂੰ ਭੇਜਿਆ ਹੈ। ਜੋ ਹਾਲੇ ਉਨ੍ਹਾਂ ਨੂੰ ਨਹੀ ਮਿਲੇ ਅਤੇ ਉਹ ਕਾਮਲ ਗ਼ਲਬੇ ਵਾਲਾ ਅਤੇ ਹਿਕਮਤ ਵਾਲਾ ਹੈ "

23 ਮਾਰਚ ਦਾ ਦਿਨ ਜਮਾਅਤੇ ਅਹਮਦੀਆ'ਚ " ਯੋਮੇ ਮਸੀਹ ਮੌਊਦ ਅਲੈਹਿ ਸਲਾਮ " ਦੇ ਨਾਂ ਨਾਲ ਜਾਣਾ ਜਾਂਦਾ ਹੈ। ਅਸੀਂ ਖ਼ੁਸ਼ ਕਿਸਮਤ ਹਾਂ ਕਿ ਸਾਨੂੰ ਰਬੱ ਨੇ ਆਪਣੇ ਵਚਨ ਅਤੇ ਰਸੂਲੱਲਾਹ ਸਲੱਲਾਹੋ ਅਲੈਹਿ ਵਸਲੱਮ ਦੀ ਭਵਿਖੱਬਾਣਿਆਂ ਅਨੁਸਾਰ ਜ਼ਮਾਨੇ ਦੇ ਇਮਾਮ ਮਸੀਹ ਮੌਊਦ ਤੇ ਮਹਦੀ ਮਾਹੂਦ ਅਲੈਹਿ ਸਲਾਮ ਨੂੰ ਕਬੂਲ ਕਰਨ ਦੀ ਤੌਫ਼ੀਕ ਬਖ਼ਸ਼ੀ। 23 ਮਾਰਚ 1889 ਈ ਨੂੰ ਆਪ ਅਲੈਹਿ ਸਲਾਮ ਨੇ ਲੁਧਿਆਣਾ'ਚ ਬੈਅਤ ਲੈ ਕੇ ਸ਼ਰਧਾਲੂਆਂ ਦੀ ਜਮਾਅਤ ਕਾਯਮ ਕੀਤੀ। ਸੂਰਤੁਲ ਜੁਮਆ'ਚ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਗ਼ੁਲਾਮੇ ਸਾਦਕ ਦੇ ਆਉਣ ਅਤੇ ਉਸ ਰਾਹੀਂ ਇਕੱ ਜਮਾਅਤ ਦੇ ਕਾਯਮ ਹੋਣ ਦੀ ਖ਼ੁਸ਼ਖ਼ਬਰੀ ਦਿੱਤੀ ਗਈ ਹੈ। ਇਸ ਤੋਂ ਬਿਨ੍ਹਾਂ ਵੀ ਕੁਝੱ ਆਇਤਾਂ ਅਤੇ ਹਦੀਸਾਂ'ਚ ਇਹ ਖ਼ੁਸ਼ਖ਼ਬਰੀ ਮੌਜੂਦ ਹੈ। ਇਸ ਸਮੇਂ ਮੈਂ ਉਨ੍ਹਾਂ ਆਇਤਾਂ ਦੀ ਵਿਆਖਿਆ ਅਤੇ ਆਉਣ ਵਾਲੇ ਮਸੀਹ ਮੌਊਦ ਅਲੈਹਿ ਸਲਾਮ ਦੇ ਜ਼ਮਾਨੇ ਦੀ ਵਖੱ ਵਖੱ ਨਿਸ਼ਾਨੀਆਂ ਜੋ ਬਿਆਨ ਹੋਇਆ ਹਨ ਉਨ੍ਹਾਂ ਦੀ ਵਿਆਖਿਆ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸ਼ਬਦਾਂ'ਚ ਬਿਆਨ ਕਰਾਂਗਾ। ਇੰਝ ਹੀ ਆਪ ਅਲੈਹਿ ਸਲਾਮ ਦਾ ਦਾਅਵਾ ਕੀ ਸੀ। ਉਹ ਵੀ ਸੰਖੇਪ'ਚ ਆਪ ਅਲੈਹਿ ਸਲਾਮ ਦੇ ਸ਼ਬਦਾਂ'ਚ ਪੈਸ਼ ਕਰਾਂਗਾ।

ਇਨ੍ਹਾਂ ਆਇਤਾਂ ਦੀ ਵਿਆਖਿਆ’ਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸ ਆਇਤ ਦਾ ਅਰਥ ਇਹ ਹੈ ਕਿ ਰਬੱ ਉਹ ਰਬੱ ਹੈ। ਜਿਸ ਨੇ ਅਜਿਹੇ ਸਮੇਂ ਰਸੂਲ ਭੇਜਾ ਕਿ ਲੋਕ ਇਲਮ ਅਤੇ ਹਿਕਮਤ ਤੋਂ ਖਾਲੀ ਹੋ ਗਏ ਸਨ। ਧਾਰਮਿਕ ਸਿਖਿੱਆ ਜਿਨ੍ਹਾਂ ਨਾਲ ਨਫ਼ਸ ਦੀ ਸੰਪੂਰਨਤਾ ਹੋਵੇ ਅਤੇ ਮਨੁੱਖੀ ਨਫ਼ਸ ਆਪਣੇ ਕਮਾਲ ਨੂੰ ਪਹੁੰਚੇ ਬਿਲਕੁਲੱ ਗੁਆਚ ਗਏ ਸੀ। ਤਦੱ ਅਜਿਹੇ ਸਮੇਂ’ਚ ਰਬੱ ਨੇ ਆਪਣਾ ਰਸੂਲ ਉੱਮੀ ਭੇਜਿਆ ਅਤੇ ਇਸ ਰਸੂਲ ਨੇ ਉਨ੍ਹਾਂ ਦਾ ਨਫ਼ਸ ਨੂੰ ਪਾਕ ਕੀਤਾ ਅਤੇ ਕਿਤਾਬ ਦੇ ਇਲਮ ਅਤੇ ਹਿਕਮਤ ਨਾਲ ਉਨ੍ਹਾਂ ਨੂੰ ਸੰਪੂਰਨ ਕੀਤਾ। ਅਰਥਾਤ ਨਿਸ਼ਾਨੀਆਂ ਅਤੇ ਚਮਤਕਾਰਾਂ ਨਾਲ ਸੰਪੂਰਨ ਵਿਸ਼ਵਾਸ ਦੇ ਸਥਾਨ ਤਕੱ ਉਨ੍ਹਾਂ ਨੂੰ ਪਹੁੰਚਾ ਦਿੱਤਾ। ਫ਼ਿਰ ਫ਼ਰਮਾਇਆ : ਇਕੱ ਸਮੂਹ ਹੋਰ ਹੈ। ਜੋ ਅੰਤਿਮ ਜ਼ਮਾਨੇ’ਚ ਪ੍ਰਕਟ ਹੋਵੇਗਾ। ਉਹ ਵੀ ਆਰੰਭ’ਚ ਹਨ੍ਹੇਰੇ ਅਤੇ ਤਾਰੀਕੀ’ਚ ਹੋਣਗੇ। ਤਦੱ ਰਬੱ ਉਨ੍ਹਾਂ ਨੂੰ ਵੀ ਸਹਾਬਾ ਦੇ ਰੰਗ’ਚ ਲਾਵੇਗਾ। ਇੱਥੇ ਤਕੱ ਕਿ ਉਨਾਂ ਦਾ ਸਿਦਕ ਅਤੇ ਯਕੀਨ ਵੀ ਸਹਾਬਾ ਦੇ ਸਿਦਕ ਅਤੇ ਯਕੀਨ ਵਾਂਗ ਹੋ ਜਾਵੇਗਾ। ਸਹੀ ਹਦੀਸ’ਚ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਇਸ ਹਦੀਸ ਦੇ ਸਮੇਂ ਸਲਮਾਨ ਫ਼ਾਰਸੀ ਰਜ਼ੀ ਅੱਲਾਹ ਅੰਨਹੋ ਦੇ ਮੋਢੇ’ਤੇ ਹਥੱ ਰਖਿੱਆ ਅਤੇ ਫ਼ਰਮਾਇਆ لو كان الايمان معلقا بالثريا لناله رجل من فارس ਇਸ ਜ਼ਮਾਨੇ ਬਾਰੇ ਫ਼ਰਮਾਇਆ ਗਿਆ ਹੈ ਕਿ ਕੁਰਆਨ ਆਕਾਸ਼’ਤੇ ਚੜ੍ਹ ਜਾਵੇਗਾ। ਇਹੀ ਉਹ ਜ਼ਮਾਨਾ ਹੈ ਜੋ ਮਸੀਹ ਮੌਊਦ ਦਾ ਜ਼ਮਾਨਾ ਹੈ। ਇਹ ਫ਼ਾਰਸੀ-ਉਲੱ-ਅਸਲ ਉਹੀ ਹੈ। ਜਿਸ ਦਾ ਨਾਂ ਮਸੀਹ ਮੌਊਦ ਹੈ।

ਫ਼ਰਮਾਇਆ : ਇਸ ਆਇਤ ਦੇ ਅਰਥ ਇਹ ਹਨ ਕਿ ਕਮਾਲ ਅੰਧਕਾਰ ਦੇ ਬਾਦ ਹਦਾਯਤ ਅਤੇ ਹਿਕਮਤ ਪਾਉਣ ਵਾਲੇ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਚਮਤਕਾਰ ਅਤੇ ਬਰਕਤਾਂ ਨੂੰ ਵੇਖਣ ਵਾਲੇ ਦੋ ਹੀ ਗਰੋਹ ਹਨ। ਪਹਿਲਾ ਸਹਾਬਾ ਅਤੇ ਦੂਜਾ ਗਰੋਹ ਜੋ ਸਹਾਬਾ ਵਾਂਗ ਹੈ। ਉਹ ਮਸੀਹ ਮੌਊਦ ਦਾ ਗਰੁਪੱ ਹੈ। ਕਿਉਂਕਿ ਇਹ ਗਰੁਪੱ ਵੀ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਚਮਤਕਾਰਾਂ ਨੂੰ ਵੇਖਣ ਵਾਲਾ ਹੈ। ਅਜੱ ਕਲ੍ਹੱ ਅਜਿਹਾ ਹੀ ਹੋਇਆ ਹੈ। ਸੋ 13 ਸੌ ਸਾਲ ਬਾਦ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਚਮਤਕਾਰਾਂ ਦਾ ਬੂਹਾ ਖੁਲ੍ਹੱ ਗਿਆ ਹੈ ਅਤੇ ਲੋਕਾਂ ਨੇ ਆਪਣੀ ਅੱਖਾਂ ਨਾਲ ਵੇਖ ਲਿਆ ਹੈ ਕਿ ਸੂਰਜ ਅਤੇ ਚੰਨ ਦਾ ਗਰ੍ਹਿਣ ਰਮਜ਼ਾਨ’ਚ ਦਾਰ-ਉਲੱ-ਕੁਤਨੀ ਦੀ ਹਦੀਸ ਅਤੇ ਫ਼ਤਾਵਾ ਇਬਨੇ ਹਜਰ ਅਨੁਸਾਰ ਪ੍ਰਕਟ ਹੋ ਗਿਆ। ਫ਼ਿਰ ਜ਼ੂਸੱ ਸੀਨੀਨ ਤਾਰਾ ਵੀ ਜਿਸ ਦਾ ਨਿਕਲਨਾ ਮਹਦੀ ਅਤੇ ਮਸੀਹ ਮੌਊਦ ਦੇ ਸਮੇਂ’ਚ ਬਿਆਨ ਕੀਤਾ ਗਿਆ ਸੀ। ਹਜ਼ਾਰਾਂ ਲੋਕਾਂ ਨੇ ਨਿਕਲਦੇ ਹੋਏ ਵੇਖ ਲਿਆ। ਅਜਿਹਾ ਹੀ ਜਾਵਾ ਦੀ ਅਗੱ ਵੀ ਹਜ਼ਾਰਾਂ ਲੋਕਾਂ ਨੇ ਵੇਖੀ। ਅਜਿਹਾ ਹੀ ਤਾਊਨ ਦਾ ਫ਼ੈਲਣਾ ਅਤੇ ਹਜੱ ਤੋਂ ਰੋਕੇ ਜਾਣਾ ਵੀ ਸਭ ਨੇ ਆਪਣੀ ਅੱਖਾਂ ਨਾਲ ਆਪ ਵੇਖ ਲਿਆ। ਦੇਸ਼’ਚ ਰੇਲ੍ਹ ਦਾ ਤਿਆਰ ਹੋਣਾ ਅਤੇ ਊਂਠਾਂ ਦਾ ਬੇਕਾਰ ਹੋਣਾ ਇਹ ਸਭ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਚਮਤਕਾਰ ਸਨ। ਜੋ ਇਸ ਜ਼ਮਾਨੇ’ਚ ਉਸੇ ਤਰ੍ਹਾਂ ਵੇਖੇ ਗਏ ਜਿਵੇਂ ਸਹਾਬਾ ਨੇ ਚਮਤਕਾਰ ਵੇਖੇ ਸੀ। ਇਸੇ ਕਰਕੇ ਰਬੱ ਨੇ ਇਸ ਅੰਤਿਮ ਗਰੋਹ ਨੂੰ مِنْهُم ਦੇ ਸ਼ਬਦ ਨਾਲ ਸਦਿੱਆ ਤਾਂ ਕਿ ਇਹ ਇਸ਼ਾਰਾ ਕਰੇ ਕਿ ਵੇਖਣਾ ਚਮਤਕਾਰ’ਚ ਇਹ ਵੀ ਸਹਾਬਾ ਦੇ ਰੰਗ’ਚ ਹਨ। ਸੋਚ ਕੇ ਵੇਖੋ ਕਿ 13 ਸੌ ਸਾਲ’ਚ ਅਜਿਹਾ ਜ਼ਮਾਨਾ ਨਬੁਵੱਤ ਦਾ ਕਿਸ ਨੇ ਪਾਇਆ ਹੈ।

ਸਾਡੀ ਜਮਾਅਤ ਨੂੰ ਕਈ ਪ੍ਰਕਾਰ ਨਾਲ ਸਹਾਬਾ ਦੀ ਜਮਾਅਤ ਨਾਲ ਸਮਾਨਤਾ ਹੈ। ਉਹ ਰਬੱ ਦੇ ਨਿਸ਼ਾਨੀਆਂ ਅਤੇ ਤਾਜ਼ਾ ਮਦਦ ਨਾਲ ਨੂਰ ਅਤੇ ਯਕੀਨ ਪਾਉਂਦੇ ਹਨ ਜਿਵੇਂ ਸਹਾਬਾ ਨੇ ਪਾਇਆ। ਉਹ ਰਬੱ ਦੀ ਰਾਹ’ਚ ਲੋਕਾਂ ਦੀ ਲਾਨ੍ਹਤਾਂ, ਹਾਸਾ, ਮਖ਼ੌਲ ਅਤੇ ਬਦ-ਜ਼ੁਬਾਨੀ ਅਤੇ ਰਿਸ਼ਤੀਆਂ ਤੋਂ ਦੂਰ ਹੋਣ ਦਾ ਸਦਮਾ ਚੁਕੱ ਰਹੇ ਹਨ ਜਿਵੇਂ ਕਿ ਸਹਾਬਾ ਨੇ ਚੁਕਿੱਆ। ਉਹ ਰਬੱ ਦੇ ਨਿਸ਼ਾਨਾਂ ਅਤੇ ਆਕਾਸ਼ੀ ਮਦਦ ਤੋਂ ਪਾਕ ਜ਼ਿੰਦਗੀ ਪ੍ਰਾਪਤ ਕਰਦੇ ਜਾਂਦੇ ਹਨ ਜਿਵੇਂ ਸਹਾਬਾ ਨੇ ਪ੍ਰਾਪਤ ਕੀਤੀ। ਬਥੇਰੇ ਉਨ੍ਹਾਂ’ਚੋਂ ਹਨ ਕਿ ਨਮਾਜ਼’ਚ ਰੋਂਦੇ ਹਨ ਅਤੇ ਸਜਦੀਆਂ ਨੂੰ

ਅਥੱਰੂਆਂ ਨਾਲ ਭਰ ਦਿੰਦੇ ਹਨ ਜਿਵੇਂ ਕਿ ਸਹਾਬਾ ਰੌਂਦੇ ਸਨ । ਬਥੇਰੇ ਉਨ੍ਹਾਂ'ਚੋਂ ਵਹੀ ਅਤੇ ਇਲਹਾਮ ਪਾਉਂਦੇ ਹਨ ਜਿਵੇਂ ਕਿ ਸਹਾਬਾ ਪਾਉਂਦੇ ਸਨ । ਜਿਵੇਂ ਇਹ ਜਮਾਅਤ ਸਹਾਬਾ ਨਾਲ ਮਿਲਦੀ ਹੈ । ਉਵੇਂ ਹੀ ਉਹ ਜੋ ਇਸ ਜਮਾਅਤ ਦਾ ਇਮਾਮ ਹੈ । ਉਹ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨਾਲ ਮਿਲਦਾ ਹੈ ਜਿਵੇਂ ਕਿ ਆਪ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਮਹਦੀ ਮਾਹੂਦ ਦੀ ਇਹ ਸਿਫ਼ਤ ਦੱਸੀ ਹੈ ਕਿ ਉਹ ਆਪ ਸਲੱਲਾਹੋ ਅਲੈਹਿ ਵਸਲੱਮ ਨਾਲ ਮਿਲਦਾ ਹੋਵੇਗਾ । ਦੋ ਸਮਾਨਤਾਵਾਂ ਉਸ'ਚ ਹੋਣਗੀਆਂ ਇਕੱ ਸਮਾਨਤਾ ਹਜ਼ਰਤ ਮਸੀਹ ਅਲੈਹਿ ਸਲਾਮ ਨਾਲ ਜਿਸ ਕਰਕੇ ਉਹ ਮਸੀਹ ਅਖਵਾਏਗਾ ਅਤੇ ਦੂਜੀ ਸਮਾਨਤਾ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ  ਨਾਲ ਜਿਸ ਕਰਕੇ ਉਹ ਮਹਦੀ ਅਖਵਾਏਗਾ ।

ਆਪਣੇ ਦਾਅਵੇ ਬਾਰੇ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜਦੋਂ ਰਬੱ ਨੇ ਜ਼ਮਾਨਾ ਦੀ ਮੌਜੂਦਾ ਹਾਲਤ ਨੂੰ ਵੇਖਿਆ ਅਤੇ ਜ਼ਮਾਨੇ ਨੂੰ ਕਈ ਪ੍ਰਕਾਰ ਦੇ ਫ਼ਸਾਦਾਂ ਅਤੇ ਪਾਪਾ ਨਾਲ ਭਰਿਆ ਵੇਖ ਕੇ ਮੈਨੂੰ ਸਚੱ ਦੇ ਪ੍ਰਚਾਰ ਅਤੇ ਸੁਧਾਰ ਲਈ ਭੇਜਿਆ । ਅਤੇ ਇਹ ਜ਼ਮਾਨਾ ਵੀ ਅਜਿਹਾ ਸੀ ਕਿ ਲੋਕ 13ਵੀਂ ਸਦੀ ਹਿਜਰੀ ਨੂੰ ਖ਼ਤਮ ਕਰ 14ਵੀਂ ਸਦੀ ਦੇ ਸਰ'ਤੇ ਪਹੁੰਚ ਗਏ ਸਨ । ਤਦੱ ਇਸ ਹੁਕਮ ਦੀ ਪਾਬੰਦੀ ਨਾਲ ਆਮ ਲੋਕਾਂ'ਚ ਲਿਖੱਤੀ ਇਸ਼ਤਿਹਾਰਾਂ ਅਤੇ ਭਾਸ਼ਣਾ ਰਾਹੀਂ ਇਹ ਆਵਾਜ਼ ਦੇਣੀ ਸ਼ੁਰੂ ਕੀਤੀ ਕਿ ਇਸ ਸਦੀ ਦੇ ਸਰ'ਤੇ ਜੋ ਧਰਮ ਦੇ ਸੁਧਾਰ ਲਈ ਆਉਣ ਵਾਲਾ ਸੀ ਉਹ ਮੈਂ ਹੀ ਹਾਂ । ਤਾਂ ਉਹ ਵਿਸ਼ਵਾਸ ਜੋ ਜ਼ਮੀਨ'ਤੋਂ ਉਠੱ ਗਿਆ ਸੀ । ਉਸ ਨੂੰ ਮੁੜ੍ਹ ਕਾਯਮ ਕਰੇ ।

ਇਸ'ਤੇ ਕੀ ਦਲੀਲ ਹੈ ਕਿ ਆਉਣ ਵਾਲਾ ਮਸੀਹ ਮੌਊਦ ਆਪ ਅਲੈਹਿ ਸਲਾਮ ਹੀ ਹਨ । ਇਸ ਬਾਰੇ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸ ਦਾ ਜਵਾਬ ਇਹ ਹੈ ਕਿ ਜਿਸ ਜ਼ਮਾਨੇ ਅਤੇ ਜਿਸ ਦੇਸ਼ ਅਤੇ ਜਿਸ ਕਸਬੇ'ਚ ਮਸੀਹ ਮੌਊਦ ਦਾ ਪ੍ਰਕਟ ਹੋਣਾ ਕੁਰਆਨ ਸ਼ਰੀਫ਼ ਅਤੇ ਹਦੀਸ ਤੋਂ ਸਾਬਤ ਹੁੰਦਾ ਹੈ ਅਤੇ ਜਿਨ੍ਹਾਂ ਖ਼ਾਸ ਕੰਮਾਂ ਨੂੰ ਮਸੀਹ ਦੀ ਹਸਤੀ ਦੀ ਇਲੱਤੇ ਗਾਈ ਦਸਿੱਆ ਗਿਆ ਹੈ ਅਤੇ ਜਿਨ੍ਹਾਂ ਜ਼ਮੀਨੀਂ ਅਤੇ ਆਕਾਸ਼ੀ ਹਾਦਸੀਆਂ ਨੂੰ ਮਸੀਹ ਮੌਊਦ ਦੇ ਪ੍ਰਕਟ ਹੋਣ ਦੀ ਅਲਾਮਤਾਂ ਦਸਿੱਆ ਗਿਆ ਹੈ । ਉਹ ਸਾਰੀ ਰਬੱ ਨੇ ਮੇਰੇ'ਚ ਅਤੇ ਮੇਰੇ ਜ਼ਮਾਨੇ'ਚ ਅਤੇ ਮੇਰੇ ਦੇਸ਼'ਚ ਜਮ੍ਹਾਂ ਕਰ ਦਿੱਤੀਆਂ ਹਨ । ਸਿਲਸਿਲਾ ਦੀ ਤਰੱਕਿਆਂ ਬਾਰੇ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਅਜੱ ਤੋਂ ਤੀਹ ਸਾਲ ਪਹਿਲਾਂ ਬਰਾਹੀਨੇ ਅਹਮਦੀਆ'ਚ ਇਲਹਾਮ ਮੌਜੂਦ ਹੈ ਕਿ ਲੋਕ ਕੋਸ਼ਿਸ਼ ਕਰਣਗੇ ਕਿ ਇਸ ਸਿਲਸਿਲੇ ਨੂੰ ਮਿਟਾ ਦੇਣ । ਹਰ ਇਕੱ ਧੋਖੇ ਦੀ ਵਰਤੋਂ ਕੀਤੀ ਜਾਵੇਗੀ । ਪਰ ਰਬੱ ਇਸ ਸਿਲਸਿਲੇ ਦੀ ਸਦਾ ਮਦਦ ਕਰੇਗਾ । ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਅਜੱ ਵੀ ਇਹ ਸਿਲਸਿਲਾ ਜਾਰੀ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਰਬੱ ਨੇ ਬਰਾਹੀਨੇ ਅਹਮਦੀਆ ਦੇ ਜ਼ਮਾਨੇ'ਚ ਫ਼ਰਮਾਇਆ ਸੀ ਕਿ ਰੱਬੀ ਗਿਆਨ ਦੇ ਚਸ਼ਮੇ ਤੇਰੀ ਮੂੰਹੋਂ ਜਾਰੀ ਹੋਣਗੇ । ਇਸ ਨਿਸ਼ਾਨ ਦਾ ਪ੍ਰਮਾਣ ਹਜ਼ੂਰੇ ਅਨਵਰ ਦੀ ਕਿਤਾਬਾਂ ਹਨ । ਕਈ ਕਿਤਾਬਾਂ ਅਰਬੀ ਭਾਸ਼ਾ'ਚ ਲਿਖੱ ਕੇ ਹਜ਼ਾਰਾਂ ਰੁਪੱਏ ਦੇ ਇਨਾਮ ਦੇ ਨਾਲ ਪ੍ਰਕਾਸ਼ਿਤ ਕੀਤੀਆਂ । ਪਰ ਕੋਈ ਮੁਕਾਬਲੇ ਲਈ ਨਹੀ ਆਇਆ ।

ਦੂਆ ਦੀ ਕਬੂਲੀਅਤ ਦੇ ਨਿਸ਼ਾਨਾਂ ਬਾਰੇ ਹਜ਼ੂਰੇ ਅਨਵਰ ਨੇ ਇਕੱ ਬੱਚੇ ਅਬਦੁਲੱ ਕਰੀਮ ਪੁਤੱਰ ਅਬਦੁਰੱ ਰਹਿਮਾਨ ਵਸਨੀਕ ਹੈਦਰਾਬਾਦ ਦਖੱਣ ਦੀ ਮਿਸਾਲ ਪੈਸ਼ ਕੀਤੀ ਕਿ ਜੋ ਕਾਦੀਆਂ'ਚ ਪੜ੍ਹਣ ਲਈ ਆਏ ਸਨ ਅਤੇ ਉਨ੍ਹਾਂ ਨੂੰ ਪਾਗ਼ਲ ਕੁੱਤੇ ਨੇ ਵਡੱ ਲਿਆ ਸੀ । ਇਲਾਜ ਦੀ ਹਰ ਸੰਭਵ ਕੋਸ਼ਿਸ਼ ਮਗਰੋਂ ਜਦੋਂ ਇਲਾਜ ਕਰਨ ਵਾਲਿਆਂ ਨੇ ਮਾਯੂਸੀ ਪ੍ਰਕਟ ਕੀਤੀ । ਤਾਂ ਅਜਿਹੇ'ਚ ਆਪ ਅਲੈਹਿ ਸਲਾਮ ਨੇ ਰਬੱ ਤੋਂ ਬਹੁਤ ਦਰਦ ਨਾਲ ਦੂਆ ਕੀਤੀ ਅਤੇ ਇਸ ਮੌਕੇ'ਤੇ ਦੂਆ ਦੇ ਕਬੂਲ ਹੋਣ ਦੀ ਖ਼ਾਸ ਹਾਲਤ ਵੀ ਪ੍ਰਾਪਤ ਹੋ ਗਈ । ਸੋ ਕੁਝੱ ਹੀ ਦੇਰ'ਚ ਇਸ ਬੱਚੇ ਦੀ ਸਿਹਤ ਸੰਭਲਣੀ ਸ਼ੁਰੂ ਹੋ ਗਈ ਅਤੇ ਕੁਝੱ ਦਿਨ੍ਹਾਂ ਦੇ ਅੰਦਰ ਉਹ ਬਿਲਕੁਲੱ ਠੀਕ ਹੋ ਗਿਆ ।

ਹਜ਼ੂਰੇ ਅਨਵਰ ਨੇ ਰੱਬੀ ਮਦਦ ਦੇ ਨਿਸ਼ਾਨਾਂ ਦੇ ਸੰਦਰਭ'ਚ ਡਾਕਟਰ ਅਲੈਗ਼ਜ਼ੈਂਡਰ ਡੂਈ, ਗ਼ੁਲਾਮ ਦਸਤਗੀਰ ਕਸੂਰੀ ਅਤੇ ਚਿਰਾਗ਼ ਦੀਨ ਜਮੁੱਹੀ ਦੀ ਮਿਸਾਲ ਵੀ ਪੇਸ਼ ਕੀਤੀ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਅਜੱ ਮੁਸਲਮਾਨ ਜੇਕਰ ਇਸ ਹਕੀਕਤ ਨੂੰ ਸਮਝ ਲੈਣ ਕਿ ਜੋ ਮਸੀਹ ਤੇ ਮਹਦੀ ਆਉਣ ਵਾਲਾ ਸੀ ਉਹ ਆ ਗਿਆ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦਾ ਸੱਚਾ ਸੇਵਕ ਇਹੀ ਹੈ ਅਤੇ ਇਸ ਦੀ ਬੈਅਤ'ਚ ਆਉਣਾ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਹੁਕਮ ਦੇ ਅਨੁਸਾਰ ਜ਼ਰੂਰੀ ਹੈ। ਤਾਂ ਮੁਸਲਮਾਨ ਸੰਸਾਰ'ਚ ਆਪਣੀ ਵਡਿੱਆਈ ਮੁੜ੍ਹ ਕਾਯਮ ਕਰ ਲੈਣਗੇ। ਨਹੀਂ ਤਾਂ ਉਨ੍ਹਾਂ ਦਾ ਇਹੀ ਹਾਲ ਰਹਿਣਾ ਹੈ ਜੋ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ : ਰਮਜ਼ਾਨ ਦੇ ਮਹੀਨੇ'ਚ ਅਹਮਦੀ ਜਿੱਥੇ ਆਪਣੇ ਲਈ ਦੂਆ ਕਰਨ, ਜਮਾਅਤ ਦੇ ਹਰ ਕਿਸਮ ਦੇ ਫ਼ਸਾਦ ਤੋਂ ਬਚਣ ਲਈ ਦੂਆ ਕਰਨ, ਉੱਥੇ ਮੁਸਲਮਾਨਾਂ ਲਈ ਵੀ ਦੂਆ ਕਰਨ। ਰਬੱ ਉਨ੍ਹਾਂ ਦੀ ਅੱਖਾਂ ਖੋਲ੍ਹੇ, ਉਨ੍ਹਾਂ ਨੂੰ ਹਨ੍ਹੇਰਿਆਂ ਤੋਂ ਕੱਢੇ ਅਤੇ ਉਨ੍ਹਾਂ ਨੂੰ ਇਹ ਗਲੱ ਸਮਝ ਆ ਜਾਵੇ ਕਿ ਖ਼ਤਮੇ ਨਬੁਵੱਤ ਦੇ ਸਥਾਨ ਨੂੰ ਸਮਝਣ ਵਾਲੇ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮੌਊਦ ਅਤੇ ਮਹਦੀ ਮਾਹੂਦ ਅਤੇ ਆਪ ਅਲੈਹਿ ਸਲਾਮ ਦੀ ਜਮਾਅਤ ਹੀ ਹੈ।

ਪਾਕਿਸਤਾਨ ਦੇ ਅਹਮਦੀਆਂ ਨੂੰ ਖ਼ਾਸ ਤੌਰ'ਤੇ ਆਪਣੇ ਦੇਸ਼ ਲਈ ਵੀ ਦੂਆ ਕਰਨੀ ਚਾਹੀਦੀ ਹੈ ਅਤੇ ਪਾਕਿਸਤਾਨੀ ਅਹਮਦੀਆਂ ਲਈ ਵੀ ਦੂਆ ਕਰਨੀ ਚਾਹੀਦੀ ਹੈ। ਰਬੱ ਫ਼ਸਾਦ ਕਰਨ ਵਾਲਿਆਂ ਅਤੇ ਸ਼ਰਾਰਤਿਆਂ ਅਤੇ ਮਤਲਬੀ ਲੋਕਾਂ ਅਤੇ ਲੀਡਰਾਂ ਤੋਂ ਦੇਸ਼ ਨੂੰ ਬਚਾਵੇ। ਇੰਝ ਹੀ ਬਰਕੀਨਾ ਫ਼ਾਸੋ ਦੇ ਅਹਮਦੀਆਂ ਲਈ ਦੂਆ ਕਰੋ ਰਬੱ ਉਨ੍ਹਾਂ ਨੂੰ ਹਰ ਨੁਕਸਾਨ ਤੋਂ ਬਚਾਵੇ। ਬੰਗਲਾਦੇਸ਼ ਦੇ ਅਹਮਦੀਆਂ ਨੂੰ ਖ਼ਾਸ ਤੌਰ'ਤੇ ਯਾਦ ਰਖੱਣਾ ਚਾਹੀਦਾ ਹੈ, ਉੱਥੇ ਵੀ ਕੋਈ ਨ ਕੋਈ ਖ਼ਤਰਾ ਰਹਿੰਦਾ ਹੈ।

ਸੰਸਾਰ ਦੇ ਅਹਮਦੀਆਂ ਲਈ ਵੀ ਦੂਆ ਕਰੋ। ਰਬੱ ਹਰ ਨੁਕਸਾਨ ਤੋਂ ਹਰ ਅਹਮਦੀ ਨੂੰ ਬਚਾਵੇ ਅਤੇ ਹਰ ਅਹਮਦੀ ਨੂੰ ਸਿੱਧੇ ਰਾਹ''ਤੇ ਤੋਰੇ ਅਤੇ ਵਿਸ਼ਵਾਸ ਅਤੇ ਯਕੀਨ'ਚ ਵਧਾਏ।

ਸੰਸਾਰ ਨੂੰ ਤਬਾਹ ਹੋਣ ਤੋਂ ਬਚਾਉਣ ਲਈ ਵੀ ਦੂਆ ਕਰੋ। ਅਜੱ ਕਲੱ ਜੋ ਹਾਲਾਤ ਹਨ, ਸੰਸਾਰ ਅਗੱ ਦੇ ਕੰਡੇ'ਤੇ ਖੜ੍ਹਾ ਹੈ। ਜੰਗਾ ਵਲੱ ਵੀ ਵਧੱ ਰਹੇ ਹਨ, ਇਸ ਕਰਕੇ ਵੀ ਤਬਾਹੀ ਆਉਣ ਵਾਲੀ ਹੈ ਅਤੇ ਬੁਰਾਈਆਂ ਵੀ ਅੰਤ ਤਕੱ ਪਹੁੰਚ ਗਈਆਂ ਹਨ ਅਤੇ ਇਹ ਲੋਕ ਰਬੱ ਨੂੰ ਜਿਵੇਂ ਛਡੱ ਰਹੇ ਹਨ, ਇਹ ਰਬੱ ਦੇ ਪ੍ਰਕੋਪ ਨੂੰ ਭੜ੍ਹਕਾਉਣ ਵਾਲੇ ਨ ਬਣ ਜਾਣ ਅਤੇ ਇਸ ਕਰਕੇ ਰਬੱ ਦਾ ਪ੍ਰਕੋਪ ਨ ਉਨ੍ਹਾਂ''ਤੇ ਆ ਜਾਵੇ।

ਰਬੱ ਅਹਮਦੀਆਂ ਨੂੰ ਹਰ ਮੁਸੀਬਤ ਤੋਂ ਬਚਾਵੇ। ਅਹਮਦੀਆਂ ਨੂੰ ਆਪਣਾ ਕਰਤਵੱ ਅਤੇ ਹਕੱ ਅਦਾ ਕਰਨ ਦੀ ਤੌਫ਼ੀਕ ਬਖ਼ਸ਼ੇ ਅਤੇ ਹਰ ਕਿਸਮ ਦੀ ਮੁਸੀਬਤ ਤੋਂ ਬਚਾਉਂਦੇ ਹੋਏ ਆਪਣੀ ਪਨਾਹ'ਚ ਲੈ ਲੈਣ। ਆਮੀਨ

ਖ਼ੁਤਬੇ ਦੇ ਅੰਤ'ਚ ਹਜ਼ੂਰੇ ਅਨਵਰ ਨੇ ਅਲੱ-ਫ਼ਜ਼ਲ ਇੰਟਰਨੈਸ਼ਨਲ ਦੇ ਰੋਜ਼ਨਾਮਾ ਹੋਣ ਦਾ ਐਲਾਨ ਫ਼ਰਮਾਇਆ ਅਤੇ ਇਸ ਨੂੰ ਪੜ੍ਹਣ ਅਤੇ ਖ਼ਰੀਦਣ ਦੀ ਤਹਰੀਕ ਫ਼ਰਮਾਉਂਦੇ ਹੋਏ ਅਲੱ-ਫ਼ਜ਼ਲ'ਚ ਲਿਖੱਣ ਵਾਲਿਆਂ ਨੂੰ ਵੀ ਦੂਆਵਾਂ ਦਿੱਤੀਆਂ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔